XX/XX/XXXX

JOHN SAMPLE
1234 SAMPLE STREET
ANYTOWN CA 90000

ਸਤਿਕਾਰਯੋਗ Medi-Cal ਮੈਂਬਰ,

ਪਹਿਲਾਂ ਦੇ ਇੱਕ ਪੱਤਰ ਵਿੱਚ ਦੱਸਿਆ ਗਿਆ ਸੀ ਕਿ **1 ਜੁਲਾਈ, 2026** ਤੋਂ, Medi-Cal ਵੱਲੋਂ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ, ਕੁਝ ਬਾਲਗ ਮੈਂਬਰਾਂ ਲਈ ਦੰਦਾਂ ਦੇ ਇਲਾਜ ਦੀ ਕਵਰੇਜ ਬੰਦ ਕਰ ਦਿੱਤੀ ਜਾਵੇਗੀ। ਇਸ ਬਦਲਾਅ ਲਾਗੂ ਹੋਣ ਦੀ ਮਿਤੀ ਵਧਾ ਕੇ **1 ਜੁਲਾਈ**, **2027** ਕਰ ਦਿੱਤੀ ਗਈ ਹੈ। ਇਹ ਬਦਲਾਅ ਇਮੀਗ੍ਰੇਸ਼ਨ ਸਟੇਟਸ 'ਤੇ ਅਧਾਰਤ ਹੈ। ਇਹ ਬਦਲਾਅ ਸਿਰਫ਼ ਉਨ੍ਹਾਂ Medi-Cal ਮੈਂਬਰਾਂ ਨੂੰ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਦੀ ਉਮਰ 19 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਜੋ ਪੂਰੀ ਕਵਰੇਜ ਵਾਲੇ ਫੈਡਰਲ Medi-Cal ਲਈ ਯੋਗ ਨਹੀਂ ਹਨ। ਇਸ ਬਦਲਾਅ ਤੋਂ ਪ੍ਰਭਾਵਿਤ ਮੈਂਬਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹੁਣੇ (ਭਾਵ **1 ਜੁਲਾਈ, 2027** ਤੋਂ ਪਹਿਲਾਂ) ਲੋੜੀਂਦਾ ਦੰਦਾਂ ਦਾ ਇਲਾਜ ਕਰਵਾ ਲੈਣ।

ਇਹ ਜਾਣਨ ਲਈ ਕਿ ਕੀ 1 ਜੁਲਾਈ, 2027 ਦੀ ਇਹ ਤਬਦੀਲੀ ਤੁਹਾਡੇ 'ਤੇ ਲਾਗੂ ਹੁੰਦੀ ਹੈ, ਇੱਥੇ ਦਿੱਤਾ ਇਮੀਗ੍ਰੇਸ਼ਨ ਸਟੇਟਸ ਚਾਰਟ ਪੜ੍ਹੋ: **https://www.dhcs.ca.gov/Medi-Cal/Pages/immigration-status-categories.aspx**.

ਤੁਹਾਡਾ ਇਮੀਗ੍ਰੇਸ਼ਨ ਸਟੇਟਸ ਚਾਹੇ ਕੁਝ ਵੀ ਹੋਵੇ, ਤੁਹਾਨੂੰ ਦੰਦਾਂ ਦੇ ਲਾਭਾਂ ਸਮੇਤ ਪੂਰੀ ਕਵਰੇਜ ਵਾਲੀ Medi-Cal ਮਿਲਦੀ ਰਹੇਗੀ ਜੇ:

- ਤੁਸੀਂ ਗਰਭਵਤੀ ਹੋ (ਅਤੇ ਗਰਭ ਅਵਸਥਾ ਖਤਮ ਹੋਣ ਤੋਂ ਇੱਕ ਸਾਲ ਬਾਅਦ ਤੱਕ), ਜਾਂ
- ਤੁਹਾਡੀ ਉਮਰ 19 ਸਾਲ ਤੋਂ ਘੱਟ ਹੈ, ਜਾਂ
- ਤੁਹਾਡੀ ਉਮਰ 26 ਸਾਲ ਤੋਂ ਘੱਟ ਹੈ ਅਤੇ ਤੁਸੀਂ ਆਪਣੇ 18ਵੇਂ ਜਨਮਦਿਨ ਤੱਕ ਫੋਸਟਰ ਕੇਅਰ ਵਿੱਚ ਸੀ।

ਜੇ ਤੁਸੀਂ ਦੰਦਾਂ ਦੇ ਲਾਭਾਂ ਸਮੇਤ ਪੂਰੀ ਕਵਰੇਜ ਵਾਲੀ Medi-Cal ਲਈ ਯੋਗ ਨਹੀਂ ਹੋ, ਤਾਂ ਤੁਸੀਂ ਦੰਦਾਂ ਦੀਆਂ ਐਮਰਜੈਂਸੀ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ।

?

**ਦੰਦਾਂ ਦੀਆਂ ਐਮਰਜੈਂਸੀ ਸੇਵਾਵਾਂ ਕੀ ਹਨ?**

ਦੰਦਾਂ ਦੀਆਂ ਐਮਰਜੈਂਸੀ ਸੇਵਾਵਾਂ ਉਹ ਇਲਾਜ ਹੁੰਦੇ ਹਨ ਜਿਨ੍ਹਾਂ ਦੀ ਲੋੜ ਤੇਜ਼ ਦਰਦ ਨੂੰ ਤੁਰੰਤ ਰੋਕਣ ਲਈ, ਜਾਂ ਅਚਾਨਕ ਪੈਦਾ ਹੋਈਆਂ ਗੰਭੀਰ ਡਾਕਟਰੀ ਸਮੱਸਿਆਵਾਂ ਦਾ ਨਿਦਾਨ ਅਤੇ ਇਲਾਜ ਕਰਨ ਲਈ ਪੈਂਦੀ ਹੈ। ਦੰਦਾਂ ਦੀਆਂ ਐਮਰਜੈਂਸੀ ਸੇਵਾਵਾਂ ਅਜਿਹੇ ਮਾਮਲੇ ਸ਼ਾਮਲ ਹੋ ਸਕਦੇ ਹਨ:

- ਖ਼ੂਨ ਵਗਣਾ ਜੋ ਬੰਦ ਨਹੀਂ ਹੁੰਦਾ
- ਤੁਹਾਡੇ ਮੂੰਹ ਵਿੱਚ ਜਾਂ ਆਲੇ-ਦੁਆਲੇ ਦਰਦਨਾਕ ਸੋਜ
- ਦੰਦਾਂ ਵਿੱਚ ਦਰਦ ਜਾਂ ਜਬਾੜੇ ਵਿੱਚ ਦਰਦ;
- ਤੁਹਾਡੇ ਚਿਹਰੇ ਜਾਂ ਜਬਾੜੇ ਦੀ ਹੱਡੀ 'ਤੇ ਸੱਟਾਂ;
- ਤੁਹਾਡੇ ਮਸੂੜਿਆਂ ਜਾਂ ਦੰਦਾਂ ਵਿੱਚ ਦਰਦ ਜਾਂ ਸੋਜ ਦੇ ਨਾਲ ਇਨਫੈਕਸ਼ਨ;
- ਸਰਜਰੀ ਤੋਂ ਬਾਅਦ ਦੀ ਦੇਖਭਾਲ (ਜਿਵੇਂ ਕਿ ਪੱਟੀ ਬਦਲਣੀ ਜਾਂ ਟਾਂਕੇ ਹਟਾਉਣਾ);
- ਟੁੱਟਿਆ ਜਾਂ ਜੜ੍ਹੋਂ ਉੱਖੜਿਆ ਹੋਇਆ ਦੰਦ
- ਤੁਹਾਡੀਆਂ ਗੱਲ੍ਹਾਂ ਜਾਂ ਮਸੂੜ੍ਹਿਆਂ ਨੂੰ ਤਕਲੀਫ ਦੇਣ ਵਾਲੀਆਂ ਬ੍ਰੇਸ ਦੀਆਂ ਤਾਰਾਂ ਨੂੰ ਕੱਟਣਾ ਜਾਂ ਠੀਕ ਕਰਨਾ।

ਐਮਰਜੈਂਸੀ ਸੇਵਾਵਾਂ ਬਾਰੇ ਹੋਰ ਜਾਣਨ ਲਈ, ਇੱਥੇ ਜਾਓ: **https://smilecalifornia.org/common-questions-2/what-should-i-do-if-i-have-a-dental-emergency/.**

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਜੇ ਇਹ ਬਦਲਾਅ ਤੁਹਾਡੇ 'ਤੇ ਅਸਰ ਪਾਉਂਦਾ ਹੈ, ਤਾਂ ਤੁਸੀਂ **June 30, 2027** ਤੱਕ ਹੇਠਾਂ ਦੱਸੇ ਮੁਤਾਬਕ ਆਪਣੇ Medi-Cal ਦੰਦਾਂ ਦੇ ਲਾਭਾਂ ਦੀ ਵਰਤੋਂ ਕਰ ਸਕਦੇ ਹੋ: 1 ਜੁਲਾਈ, 2027 ਤੋਂ ਤੁਹਾਡੇ ਕੋਲ ਪੂਰੀ ਕਵਰੇਜ ਵਾਲੇ ਦੰਦਾਂ ਦੇ ਲਾਭ ਨਹੀਂ ਹੋਣਗੇ ਅਤੇ ਤੁਹਾਨੂੰ ਤੁਹਾਡੀ ਮੈਡੀ-ਕੈਲ ਡੈਂਟਲ ਪਲਾਨ (ਡੈਂਟਲ ਮੈਨੇਜਡ ਕੇਅਰ ਪਲਾਨ) ਤੋਂ ਬਾਹਰ ਕੀਤਾ ਜਾ ਸਕਦਾ ਹੈ।
- ਜੇ ਤੁਹਾਨੂੰ ਦੰਦਾਂ ਦੀ ਕੋਈ ਐਮਰਜੈਂਸੀ ਹੈ, ਤਾਂ ਤੁਸੀਂ ਇਲਾਜ ਲਈ ਕਿਸੇ Medi-Cal ਡੈਂਟਲ ਪ੍ਰੋਵਾਈਡਰ ਕੋਲ ਜਾ ਸਕਦੇ ਹੋ।
- ਆਪਣੇ ਨੇੜੇ Medi-Cal ਡੈਂਟਿਸਟ ਲੱਭਣ ਲਈ, ਇੱਥੇ ਜਾਓ: **https://dental.dhcs.ca.gov/find-a-dentist/home**. ਜਾਂ Medi-Cal Dental ਨੂੰ **1-800-322-6384** 'ਤੇ ਕਾਲ ਕਰੋ।
- Medi-Cal Dental ਬਾਰੇ ਹੋਰ ਜਾਣਨ ਲਈ, ਇੱਥੇ ਜਾਓ: **https://smilecalifornia.org/**.
- ਜੇ ਤੁਹਾਡਾ ਇਮੀਗ੍ਰੇਸ਼ਨ ਸਟੇਟਸ ਬਦਲਦਾ ਹੈ, ਤਾਂ ਇਹ ਪਤਾ ਕਰਨ ਲਈ ਕਿ ਕੀ ਤੁਸੀਂ ਦੰਦਾਂ ਦੀਆਂ ਸੇਵਾਵਾਂ ਲਈ ਯੋਗ ਹੋ ਸਕਦੇ ਹੋ, ਆਪਣੇ ਸਥਾਨਕ ਕਾਉਂਟੀ Medi-Cal ਦਫ਼ਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ ਕਾਉਂਟੀ Medi-Cal ਦਫ਼ਤਰ ਦੀ ਜਾਣਕਾਰੀ ਇੱਥੇ ਦੇਖੋ: **dhcs.ca.gov/COL**.

- ਜੇ ਤੁਸੀਂ ਗਰਭਵਤੀ ਹੋ ਜਾਂ ਤੁਹਾਡਾ ਗਰਭ ਖ਼ਤਮ ਹੋਣ ਤੋਂ ਬਾਅਦ ਦੇ 12 ਮਹੀਨੇ ਚੱਲ ਰਹੇ ਹਨ, ਤਾਂ ਇਸ ਬਾਰੇ ਸੂਚਨਾ ਦੇਣ ਲਈ ਆਪਣੇ ਸਥਾਨਕ ਕਾਉਂਟੀ Medi-Cal ਦਫ਼ਤਰ ਨਾਲ ਸੰਪਰਕ ਕਰੋ।
- ਤੁਹਾਨੂੰ Medi-Cal Dental ਲਾਭ ਮਿਲਦੇ ਰਹਿਣਗੇ ਅਤੇ ਤੁਹਾਨੂੰ ਕਵਰੇਜ ਬਦਲ ਕੇ Medi-Cal Dental Program (ਫੀ-ਫਾਰ-ਸਰਵਿਸ) ਕਰ ਦਿੱਤੀ ਜਾਵੇਗੀ, ਜੇ ਤੁਸੀਂ:
  - ਗਰਭਵਤੀ ਹੋ ਜਾਂ ਇੱਕ ਸਾਲ ਤੱਕ ਦੇ ਪੋਸਟਪਾਰਟਮ (ਗਰਭ ਅਵਸਥਾ ਤੋਂ ਬਾਅਦ) ਦੇ ਸਮੇਂ ਵਿੱਚ ਹੋ, ਅਤੇ/ਜਾਂ
  - 26 ਸਾਲ ਤੋਂ ਘੱਟ ਉਮਰ ਦੇ ਫੋਸਟਰ ਬੱਚੇ/ਨੌਜਵਾਨ ਜਾਂ ਸਾਬਕਾ ਫੋਸਟਰ ਨੌਜਵਾਨ ਹੋ ਜੋ ਆਪਣੇ 18ਵੇਂ ਜਨਮਦਿਨ 'ਤੇ ਫੋਸਟਰ ਕੇਅਰ ਵਿੱਚ ਸੀ

**Medi-Cal Dental ਬਾਰੇ ਹੋਰ ਜਾਣੋ**

ਇਹ ਬਦਲਾਅ ਕਿਹੜੇ ਇਮੀਗ੍ਰੇਸ਼ਨ ਸਟੇਟਸਾਂ 'ਤੇ ਅਸਰ ਪਾਉਂਦੇ ਹਨ, ਇਸ ਬਾਰੇ ਸਵਾਲਾਂ ਦੇ ਜਵਾਬਾਂ ਲਈ ਅਕਸਰ ਪੁੱਛੇ ਜਾਣ ਵਾਲੇ ਸਵਾਲ (FAQ) ਪੜ੍ਹੋ।

ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰਨ ਲਈ ਆਪਣੇ ਸਮਾਰਟਫੋਨ ਦੀ ਵਰਤੋਂ ਕਰੋ ਜਾਂ ਇੱਥੇ ਜਾਓ

**https://www.dhcs.ca.gov/services/Pages/Medi-Cal-Dental-Benefit-Changes-Frequently-Asked-Questions.aspx**

**ਹੋਰ ਮਦਦ ਲਈ:**

- Medi-Cal Dental ਨੂੰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ (ਸਰਕਾਰੀ ਛੁੱਟੀਆਂ ਨੂੰ ਛੱਡ ਕੇ) **1-800-322-6384** 'ਤੇ ਕਾਲ ਕਰੋ। ਇਹ ਕਾਲ ਮੁਫਤ ਹੈ।
- ਯੋਗਤਾ, ਲਾਭਾਂ ਅਤੇ ਸੇਵਾਵਾਂ ਬਾਰੇ ਸਵਾਲਾਂ ਲਈ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ (ਸਰਕਾਰੀ ਛੁੱਟੀਆਂ ਨੂੰ ਛੱਡ ਕੇ) Medi-Cal ਹੈਲਪ ਲਾਈਨ ਨੂੰ **1-800-541-5555** 'ਤੇ ਕਾਲ ਕਰੋ। ਇਹ ਕਾਲ ਮੁਫਤ ਹੈ।
- ਆਪਣੇ ਲਾਭਾਂ ਦੀ ਵਰਤੋਂ ਕਰਨ ਅਤੇ ਆਪਣੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਲਈ, ਈਮੇਲ ਕਰੋ **MMCDOmbudsmanOffice@dhcs.ca.gov**. ਜਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ (ਸਰਕਾਰੀ ਛੁੱਟੀਆਂ ਨੂੰ ਛੱਡ ਕੇ) **1-888-452-8609** (TTY: ਕੈਲੀਫੋਰਨੀਆ ਸਟੇਟ ਰਿਲੇਅ ਲਈ 711) 'ਤੇ ਕਾਲ ਕਰੋ। ਇਹ ਕਾਲ ਮੁਫਤ ਹੈ। ਜਾਂ, ਇੱਥੇ ਜਾਓ: **https://www.dhcs.ca.gov/services/MH/Pages/mh-ombudsman.aspx**.

- ਸਿਹਤ ਅਤੇ ਦੰਦਾਂ ਦੀਆਂ ਯੋਜਨਾਵਾਂ ਦੀ ਚੋਣ ਕਰਨ ਵਿੱਚ ਮਦਦ ਲਈ, Medi-Cal Health Care Options (HCO) ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ **1-800-430-4263** (TTY: 1-800-430-7077) 'ਤੇ ਕਾਲ ਕਰੋ। ਇਹ ਕਾਲ ਮੁਫਤ ਹੈ। ਜਾਂ Medi-Cal HCO ਦੀ ਇਸ ਵੈੱਬਸਾਈਟ 'ਤੇ ਜਾਓ **www.healthcareoptions.dhcs.ca.gov**.
- ਆਪਣੇ ਡੈਂਟਲ ਪਲਾਨ ਬਾਰੇ ਸਵਾਲਾਂ ਲਈ, ਆਪਣੇ Medi-Cal Dental ਪਲਾਨ ਕਾਰਡ ਦੇ ਪਿਛਲੇ ਪਾਸੇ ਦਿੱਤੇ ਨੰਬਰ 'ਤੇ ਕਾਲ ਕਰੋ। ਇਹ ਕਾਲ ਮੁਫਤ ਹੈ।
- Medi-Cal ਵਿੱਚ ਹੋਈਆਂ ਤਬਦੀਲੀਆਂ ਬਾਰੇ ਹੋਰ ਜਾਣਨ ਲਈ, ਇੱਥੇ ਜਾਓ: **https://www.dhcs.ca.gov/Medi-Cal/Pages/changes.aspx**.
- ਇਮੀਗ੍ਰੇਸ਼ਨ ਸਟੇਟਸ ਦੇ ਆਧਾਰ 'ਤੇ Medi-Cal ਕਵਰੇਜ ਦੇ ਘੇਰੇ ਵਿੱਚ ਹੋਈਆਂ ਤਬਦੀਲੀਆਂ ਬਾਰੇ ਸਵਾਲਾਂ ਲਈ, ਈਮੇਲ ਕਰੋ ImmigrationPolicy@dhcs.ca.gov.
- ਆਪਣਾ ਸਥਾਨਕ ਕਾਉਂਟੀ ਦਫ਼ਤਰ ਲੱਭਣ ਲਈ, ਇੱਥੇ ਜਾਓ: **dhcs.ca.gov/COL**.

ਧੰਨਵਾਦ!

ਸਿਹਤ ਦੇਖਭਾਲ ਸੇਵਾਵਾਂ ਵਿਭਾਗ